Australian Human Rights Commission
everyone, everywhere, everyday

# ਸ਼ਿਕਾਇਤ ਕਰਨਾ

ਆਸਟ੍ਰੇਲੀਆ ਦੀ ਮਨੁੱਖੀ ਅਧਿਕਾਰ ਕਮਿਸ਼ਨ ਇਕ ਸੁਤੰਤਰ ਸੰਸਥਾ ਹੈ ਜੋ ਗੈਰ-ਕਾਨੂੰਨੀ ਲਿੰਗ, ਨਸਲ, ਅਪੰਗਤਾ ਅਤੇ ਉਮਰ ਆਧਾਰਿਤ ਭੇਦਭਾਵ, ILO III ਭੇਦਭਾਵ ਅਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਬਾਰੇ ਸ਼ਿਕਾਇਤਾਂ ਦੀ ਜਾਂਚ ਕਰਦੀ ਅਤੇ ਹੱਲ ਕੱਢਦੀ ਹੈ।

## ਤੁਸੀਂ ਸਾਡੇ ਕੋਲ ਕਿਸ ਬਾਰੇ ਸ਼ਿਕਾਇਤ ਕਰ ਸਕਦੇ ਹੋ

- ***ਲਿੰਗ ਭੇਦਭਾਵ*** ਵਿੱਚ ਜਿਨਸੀ ਉਤਪੀੜਨ ਅਤੇ ਲਿੰਗ, ਲਿੰਗ ਦੀ ਪਛਾਣ, ਅੰਤਰਲਿੰਗ ਸਥਿੱਤੀ, ਗਰਭ ਅਵਸਥਾ, ਵਿਆਹ ਜਾਂ ਰਿਸ਼ਤੇ ਦੀ ਸਥਿੱਤੀ, ਛਾਤੀ ਦਾ ਦੁੱਧ ਚੁੰਘਾਉਣਾ, ਪਰਿਵਾਰਕ ਜਿੰਮੇਵਾਰੀਆਂ ਅਤੇ ਲਿੰਗ ਰੁਝਾਨ ਉੱਤੇ ਆਧਾਰਿਤ ਭੇਦਭਾਵ ਸ਼ਾਮਲ ਹੁੰਦਾ ਹੈ।
- ***ਅਪੰਗਤਾ ਭੇਦਭਾਵ*** ਵਿੱਚ ਸਰੀਰਕ, ਬੌਧਿਕ, ਸੰਵੇਦਨਾ, ਸਿੱਖਣ ਅਤੇ ਮਾਨਸਿਕ ਅਪੰਗਤਾ; ਬਿਮਾਰੀਆਂ ਜਾਂ ਰੋਗ; ਡਾਕਟਰੀ ਸਮੱਸਿਆਵਾਂ; ਕੰਮ ਨਾਲ ਸੰਬੰਧਿਤ ਸੱਟਾਂ; ਅਤੀਤ, ਵਰਤਮਾਨ ਅਤੇ ਭਵਿੱਖ ਦੀਆਂ ਅਪੰਗਤਾਵਾਂ; ਅਤੇ ਅਪੰਗਤਾ ਲਈ ਸਹਾਇਕ ਚੀਜ਼ਾਂ; ਸਹਾਇਕ ਜਾਨਵਰਾਂ ਅਤੇ ਅਪਾਹਜ ਵਿਅਕਤੀ ਨਾਲ ਸੰਬੰਧ ਹੋਣਾ ਸ਼ਾਮਲ ਹੈ।
- ***ਨਸਲੀ ਵਿਤਕਰੇ*** ਵਿੱਚ ਨਸਲੀ ਨਫਰਤ ਅਤੇ ਨਸਲ, ਰੰਗ, ਵੰਸ਼, ਰਾਸ਼ਟਰੀ ਜਾਂ ਨਸਲੀ ਮੂਲ ਅਤੇ ਪ੍ਰਵਾਸੀ ਸਥਿੱਤੀ ਉੱਤੇ ਆਧਾਰਿਤ ਭੇਦਭਾਵ ਸ਼ਾਮਲ ਹੁੰਦੇ ਹਨ।
- ***ਉਮਰ ਦੇ ਭੇਦਭਾਵ*** ਵਿੱਚ ਬਹੁਤ ਜ਼ਿਆਦਾ ਘੱਟ ਉਮਰ ਜਾਂ ਬਹੁਤ ਜ਼ਿਆਦਾ ਵੱਡੀ ਉਮਰ ਉੱਤੇ ਆਧਾਰਿਤ ਭੇਦਭਾਵ ਸ਼ਾਮਲ ਹੁੰਦਾ ਹੈ।
- ***ILO III ਭੇਦਭਾਵ*** ਵਿੱਚ ਧਰਮ, ਅਪਰਾਧਿਕ ਰਿਕਾਰਡ, ਟਰੇਡ ਯੂਨੀਅਨ ਸਰਗਰਮੀ, ਰਾਜਨੀਤਕ ਰਾਏ ਅਤੇ ਸਮਾਜਿਕ ਮੂਲ ਉੱਤੇ ਆਧਾਰਿਤ ਰੋਜ਼ਗਾਰ ਵਿੱਚ ਭੇਦਭਾਵ ਸ਼ਾਮਲ ਹੁੰਦੇ ਹਨ।
- ***ਮਨੁੱਖੀ ਅਧਿਕਾਰਾਂ*** ਵਿੱਚ ਰਾਸ਼ਟਰ ਮੰਡਲ ਜਾਂ ਉਹਨਾਂ ਦੁਆਰਾ ਕੀਤੀਆਂ ਉਹ ਕਾਰਵਾਈਆਂ ਸ਼ਾਮਲ ਹੁੰਦੀਆਂ ਹਨ ਜਿੰਨ੍ਹਾਂ ਉੱਤੇ ਖਾਸ ਅੰਤਰ-ਰਾਸ਼ਟਰੀ ਮਨੁੱਖੀ ਅਧਿਕਾਰ ਦਸਤਾਵੇਜ਼ਾਂ ਦੀ ਉਲੰਘਣਾ ਕਰਨ ਦਾ ਦੋਸ਼ ਲਗਾਇਆ ਜਾਂਦਾ ਹੈ, ਜਿਵੇਂ ਕਿ ਨਾਗਰਿਕ ਅਤੇ ਰਾਜਨੀਤਕ ਅਧਿਕਾਰਾਂ ਬਾਰੇ ਅੰਤਰ-ਰਾਸ਼ਟਰੀ ਨੇਮ, ਬੱਚਿਆਂ ਦੇ ਅਧਿਕਾਰਾਂ ਬਾਰੇ ਸੰਮੇਲਨ ਅਤੇ ਅਪੰਗਤਾ ਵਾਲੇ ਵਿਅਕਤੀਆਂ ਦੇ ਅਧਿਕਾਰਾਂ ਬਾਰੇ ਸੰਮੇਲਨ।

ਤੁਸੀਂ ਸ਼ਿਕਾਇਤ ਕਰ ਸਕਦੇ ਹੋ ਭਾਂਵੇਂ ਕਿ ਤੁਸੀਂ ਆਸਟ੍ਰੇਲੀਆ ਵਿੱਚ ਕਿਧਰੇ ਵੀ ਰਹਿੰਦੇ ਹੋ ਅਤੇ ਸ਼ਿਕਾਇਤ ਕਰਨ ਵਾਸਤੇ ਕੋਈ ਖਰਚਾ ਵੀ ਨਹੀਂ ਆਉਂਦਾ ਹੈ। ਸ਼ਿਕਾਇਤ ਕਰਨ ਦੀ ਕਿਰਿਆ ਦੇ ਪੜਾਵਾਂ ਨੂੰ ਹੇਠਾਂ ਲਿਖਿਆ ਗਿਆ ਹੈ।

## ਪੁੱਛਗਿੱਛ ਕਰੋ

- ਜੇ ਤੁਹਾਨੂੰ ਯਕੀਨ ਨਹੀਂ ਹੈ ਕਿ ਕੀ ਤੁਸੀਂ ਕਿਸੇ ਚੀਜ਼ ਵਾਸਤੇ ਸ਼ਿਕਾਇਤ ਕਰ ਸਕਦੇ ਹੋ, ਤੁਸੀਂ ਕਮਿਸ਼ਨ ਦੀ ਰਾਸ਼ਟਰੀ ਜਾਣਕਾਰੀ ਸੇਵਾ ਨੂੰ **1300 656 419** ਉੱਤੇ ਫੋਨ ਜਾਂ infoservice@humanrights.gov.au ਉੱਤੇ ਈਮੇਲ ਕਰਕੇ ਸੰਪਰਕ ਕਰ ਸਕਦੇ ਹੋ।
- ਪ੍ਰਕਿਰਿਆ ਸ਼ੁਰੂ ਕਰਨ ਲਈ ਅਸੀਂ ਤੁਹਾਨੂੰ ਸ਼ਿਕਾਇਤ ਫਾਰਮ ਭੇਜ ਸਕਦੇ ਹਾਂ।
- ਜੇਕਰ ਅਸੀਂ ਤੁਹਾਡੀ ਮਦਦ ਨਹੀਂ ਕਰ ਸਕਦੇ, ਅਸੀਂ ਤੁਹਾਨੂੰ ਉੱਥੇ ਭੇਜਣ ਦੀ ਕੋਸ਼ਿਸ਼ ਕਰਾਂਗੇ ਜੋ ਕਰ ਸਕਦੇ ਹਨ।

## ਸ਼ਿਕਾਇਤ ਕਰਨੀ

- ਸ਼ਿਕਾਇਤ ਲਾਜ਼ਮੀ ਲਿਖਤੀ ਰੂਪ ਵਿੱਚ ਹੋਣੀ ਚਾਹੀਦੀ ਹੈ। ਤੁਸੀਂ ਸ਼ਿਕਾਇਤ ਫਾਰਮ ਭਰ ਸਕਦੇ ਹੋ ਅਤੇ ਸਾਨੂੰ ਡਾਕ ਜਾਂ ਫੈਕਸ ਰਾਹੀਂ ਵਾਪਸ ਭੇਜ ਸਕਦੇ ਹੋ ਜਾਂ ਤੁਸੀਂ ਸਾਡੀ ਵੈਬਸਾਈਟ www.humanrights.gov.au ਉੱਤੇ ਸ਼ਿਕਾਇਤ ਔਨਲਾਈਨ ਵੀ ਦਰਜ਼ ਕਰਵਾ ਸਕਦੇ ਹੋ।
- ਤੁਸੀਂ ਸ਼ਿਕਾਇਤ ਆਪਣੀ ਤਰਜੀਹੀ ਭਾਸ਼ਾ ਵਿੱਚ ਕਰ ਸਕਦੇ ਹੋ ਅਤੇ ਜੇ ਲੋੜ ਹੋਵੇ ਤਾਂ ਸ਼ਿਕਾਇਤ ਲਿਖਣ ਵਿੱਚ ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ।
- ਸ਼ਿਕਾਇਤ ਕਰਨ ਲਈ ਤੁਹਾਨੂੰ ਵਕੀਲ ਦੀ ਲੋੜ ਨਹੀਂ ਹੈ।
- ਜੇਕਰ ਅਸੀਂ ਤੁਹਾਡੀ ਸ਼ਿਕਾਇਤ ਉੱਤੇ ਕਾਰਵਾਈ ਨਹੀਂ ਕਰ ਸਕਦੇ, ਅਸੀਂ ਇਹ ਸਮਝਾਵਾਂਗੇ ਕਿ ਕਿਉਂ ਨਹੀਂ।

## ਜਾਂਚ-ਪੜਤਾਲ

- ਅਸੀਂ ਤੁਹਾਡੀ ਸ਼ਿਕਾਇਤ ਬਾਰੇ ਤੁਹਾਡੇ ਨਾਲ ਗੱਲ ਕਰਾਂਗੇ ਅਤੇ ਅਸੀਂ ਤੁਹਾਨੂੰ ਵਧੇਰੇ ਜਾਣਕਾਰੀ ਪ੍ਰਦਾਨ ਕਰਨ ਲਈ ਕਹਿ ਸਕਦੇ ਹਾਂ।
- ਆਮ ਤੌਰ ਤੇ ਕਮਿਸ਼ਨ ਉਸ ਵਿਅਕਤੀ ਜਾਂ ਸੰਸਥਾ ਨਾਲ ਸੰਪਰਕ ਕਰੇਗਾ ਜਿਸ ਬਾਰੇ ਤੁਸੀਂ ਸ਼ਿਕਾਇਤ ਕਰ ਰਹੇ ਹੋ ਅਤੇ ਉਹਨਾਂ ਨੂੰ ਸ਼ਿਕਾਇਤ ਦੀ ਨਕਲ ਪ੍ਰਦਾਨ ਕਰੇਗਾ। ਅਸੀਂ ਉਹਨਾਂ ਨੂੰ ਤੁਹਾਡੀ ਸ਼ਿਕਾਇਤ ਬਾਰੇ ਖਾਸ ਜਾਣਕਾਰੀ ਅਤੇ/ਜਾਂ ਪ੍ਰਤੀਕਰਮ ਪ੍ਰਦਾਨ ਕਰਨ ਲਈ ਕਹਿ ਸਕਦੇ ਹਾਂ। ਤੁਹਾਡੀ ਸ਼ਿਕਾਇਤ ਦੇ ਪ੍ਰਤੀਕਰਮ ਵਜੋਂ ਕਮਿਸ਼ਨ ਨੂੰ ਪ੍ਰਦਾਨ ਕੀਤੀ ਗਈ ਜਾਣਕਾਰੀ ਵਿੱਚ ਤੁਹਾਡੇ ਸੰਬੰਧੀ ਨਿੱਜੀ, ਸੰਵੇਦਨਸ਼ੀਲ ਸਮੇਤ, ਜਾਣਕਾਰੀ ਹੋ ਸਕਦੀ ਹੈ।
- ਕੁਝ ਮਾਮਲਿਆਂ ਵਿੱਚ, ਅਸੀਂ ਤੁਹਾਡੀ ਸ਼ਿਕਾਇਤ ਉੱਤੇ ਕਾਰਵਾਈ ਜਾਰੀ ਨਾ ਰੱਖਣ ਦਾ ਫੈਸਲਾ ਲੈ ਸਕਦੇ ਹਾਂ। ਜੇ ਅਜਿਹਾ ਹੁੰਦਾ ਹੈ, ਅਸੀਂ ਇਹ ਸਮਝਾਵਾਂਗੇ ਕਿ ਕਿਉਂ।
- ਅਸੀਂ ਤੁਹਾਡੇ ਨਾਲ ਸ਼ਿਕਾਇਤ ਨੂੰ ਗੱਲਬਾਤ ਰਾਹੀਂ ਸੁਲਝਾਉਣ ਦੀ ਕੋਸ਼ਿਸ਼ ਕਰਨ ਬਾਰੇ ਤੁਹਾਡੇ ਨਾਲ ਗੱਲ ਕਰ ਸਕਦੇ ਹਾਂ।

## ਰਾਜ਼ੀਨਾਮਾ

- ਰਾਜ਼ੀਨਾਮੇ ਦਾ ਮਤਲਬ ਹੈ ਕਿ ਅਸੀਂ ਤੁਹਾਡੀ ਅਤੇ ਉਸ ਵਿਅਕਤੀ ਜਾਂ ਸੰਸਥਾ ਦੀ ਜਿਸ ਦੀ ਤੁਸੀਂ ਸ਼ਿਕਾਇਤ ਕਰ ਰਹੇ ਹੋ, ਮਾਮਲੇ ਨੂੰ ਹੱਲ ਕਰਨ ਲਈ ਰਾਹ ਲੱਭਣ ਦੀ ਕੋਸ਼ਿਸ਼ ਵਿੱਚ ਸਹਾਇਤਾ ਕਰਦੇ ਹਾਂ।
- ਰਾਜ਼ੀਨਾਮਾ ਆਹਮੋ-ਸਾਹਮਣੇ ਬੈਠਕ ਰਾਹੀਂ ਮੀਟਿੰਗ ਜਿਸ ਨੂੰ 'ਰਾਜ਼ੀਨਾਮਾ ਸੰਮੇਲਨ' ਕਿਹਾ ਜਾਂਦਾ ਹੈ ਜਾਂ ਟੈਲੀਫੋਨ ਕਾਨਫਰੰਸ ਰਾਹੀਂ ਹੋ ਸਕਦਾ ਹੈ। ਕੁਝ ਮਾਮਲਿਆਂ ਵਿੱਚ, ਸ਼ਿਕਾਇਤ ਨੂੰ ਰਾਜ਼ੀਨਾਮਾ ਕਰਵਾਉਣ ਵਾਲੇ ਨਾਲ ਈਮੇਲਾਂ ਦੇ ਅਦਾਨ-ਪ੍ਰਦਾਨ ਕਰਕੇ ਅਤੇ ਗੱਲਬਾਤ ਰਾਹੀਂ ਹੱਲ ਕੀਤਾ ਜਾ ਸਕਦਾ ਹੈ।
- ਸ਼ਿਕਾਇਤਾਂ ਨੂੰ ਬਹੁਤ ਸਾਰੇ ਵੱਖ ਵੱਖ ਢੰਗਾਂ ਦੇ ਨਾਲ ਸੁਲਝਾਇਆ ਜਾ ਸਕਦਾ ਹੈ। ਉਦਾਹਰਣ ਦੇ ਤੌਰ ਤੇ, ਮੁਆਫੀ ਮੰਗ ਕੇ, ਨੀਤੀ ਨੂੰ ਬਦਲ ਕੇ ਜਾਂ ਮੁਆਵਜ਼ਾ ਦੇ ਕੇ।

## ਸੰਭਾਵੀ ਅਦਾਲਤੀ ਕਾਰਵਾਈ - ਲਿੰਗ, ਅਪੰਗਤਾ, ਨਸਲ ਅਤੇ ਉਮਰ ਦੇ ਭੇਦਭਾਵ

- ਕਮਿਸ਼ਨ ਕੋਲ ਇਹ ਫੈਸਲਾ ਕਰਨ ਦੀ ਸ਼ਕਤੀ ਨਹੀਂ ਹੈ ਕਿ ਗੈਰ-ਕਾਨੂੰਨੀ ਭੇਦਭਾਵ ਹੋਇਆ ਹੈ।
- ਜੇ ਤੁਹਾਡੀ ਸ਼ਿਕਾਇਤ ਸੁਲਝਾਈ ਨਹੀਂ ਜਾਂਦੀ ਜਾਂ ਕਿਸੇ ਹੋਰ ਕਾਰਣ ਕਰਕੇ ਬੰਦ ਕਰ ਦਿੱਤੀ ਜਾਂਦੀ ਹੈ, ਤੁਸੀਂ ਮੁੱਦੇ ਨੂੰ ਅਦਾਲਤ ਵਿੱਚ ਲਿਜਾ ਸਕਦੇ ਹੋ। ਅਦਾਲਤ ਫੈਸਲਾ ਕਰ ਸਕਦੀ ਹੈ ਕਿ ਗੈਰ-ਕਾਨੂੰਨੀ ਭੇਦਭਾਵ ਹੋਇਆ ਹੈ।
- ਤੁਹਾਡੇ ਕੋਲ ਕਮਿਸ਼ਨ ਵੱਲੋਂ ਸ਼ਿਕਾਇਤ ਨੂੰ ਖਤਮ ਕਰਨ ਤੋਂ ਬਾਅਦ, ਆਸਟ੍ਰੇਲੀਆ ਦੀ ਸੰਘੀ ਸਰਕਟ ਅਦਾਲਤ ਜਾਂ ਆਸਟ੍ਰੇਲੀਆ ਦੀ ਸੰਘੀ ਅਦਾਲਤ ਵਿੱਚ ਅਰਜ਼ੀ ਦੇਣ ਲਈ 60 ਦਿਨ ਹਨ।
- ਕਮਿਸ਼ਨ ਤੁਹਾਡੇ ਲਈ ਮੁੱਦੇ ਨੂੰ ਅਦਾਲਤ ਵਿੱਚ ਨਹੀਂ ਲਿਜਾ ਸਕਦਾ ਜਾਂ ਤੁਹਾਡੇ ਮਾਮਲੇ ਨੂੰ ਅਦਾਲਤ ਵਿੱਚ ਪੇਸ਼ ਕਰਨ ਵਿੱਚ ਮਦਦ ਨਹੀਂ ਕਰ ਸਕਦਾ ਹੈ।
- ਜੇ ਤੁਸੀਂ ਅਦਾਲਤ ਜਾਣਾ ਚਾਹੁੰਦੇ ਹੋ ਤਾਂ ਤੁਹਾਨੂੰ ਵਕੀਲ ਜਾਂ ਕਾਨੂੰਨੀ ਸੇਵਾ ਨਾਲ ਗੱਲ ਕਰਨ ਦੀ ਜ਼ਰੂਰਤ ਪੈ ਸਕਦੀ ਹੈ।

## ਫੈਸਲਾ/ਰਿਪੋਰਟ - ILO III ਭੇਦਭਾਵ ਅਤੇ ਮਨੁੱਖੀ ਅਧਿਕਾਰ

- ਜੇਕਰ ਕਿਸੇ ਦੂਸਰੇ ਕਾਰਣ ਕਰਕੇ ਸ਼ਿਕਾਇਤ ਸੁਲਝਾਈ ਨਹੀਂ ਜਾਂਦੀ ਜਾਂ ਬੰਦ ਕਰ ਦਿੱਤੀ ਜਾਂਦੀ ਹੈ, ਕਮਿਸ਼ਨ ਦਾ ਪ੍ਰਧਾਨ ਫੈਸਲਾ ਕਰ ਸਕਦਾ ਹੈ ਕਿ ਜੇ ILO III ਭੇਦਭਾਵ ਜਾਂ ਮਨੁੱਖੀ ਅਧਿਕਾਰਾਂ ਦਾ ਉਲੰਘਣ ਹੋਇਆ ਹੈ।
- ਜੇ ਪ੍ਰਧਾਨ ਸੰਤੁਸ਼ਟ ਹੋ ਜਾਂਦਾ ਹੈ ਕਿ ਭੇਦਭਾਵ ਜਾਂ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੋਈ ਹੈ, ਤਾਂ ਪ੍ਰਧਾਨ ਮੁੱਦੇ ਨੂੰ ਸੰਘੀ ਅਟਾਰਨੀ-ਜਨਰਲ ਕੋਲ ਰਿਪੋਰਟ ਕਰ ਸਕਦਾ ਹੈ। ਰਿਪੋਰਟ ਦੇ ਵਿੱਚ, ਪ੍ਰਧਾਨ ਕਿਸੇ ਵਿਅਕਤੀ ਨੂੰ ਹੋਏ ਨੁਕਸਾਨ ਜਾਂ ਲੱਗੀ ਸੱਟ ਵਾਸਤੇ ਮੁਆਵਜ਼ੇ ਦੀ ਸਿਫਾਰਸ਼ ਕਰ ਸਕਦਾ ਹੈ। ਰਿਪੋਰਟ ਸੰਸਦ ਵਿੱਚ ਰੱਖੀ ਜਾ ਸਕਦੀ ਹੈ।

- ਭੇਦਭਾਵ ਜਾਂ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਬਾਰੇ ਪ੍ਰਧਾਨ ਦੇ ਫੈਸਲਿਆਂ ਦੀਆਂ ਉਦਾਹਰਣਾਂ ਕਮਿਸ਼ਨ ਦੀ ਵੈਬਸਾਈਟ ਉੱਤੇ ਉਪਲਬਧ ਹਨ http://www.humanrights.gov.au/publications/reports-minister-under-ahrc-act

## ਮੈਂ ਵਧੇਰੇ ਜਾਣਕਾਰੀ ਕਿੱਥੋਂ ਲੈ ਸਕਦਾ ਹਾਂ?

ਆਸਟ੍ਰੇਲੀਆ ਦੇ ਮਨੁੱਖੀ ਅਧਿਕਾਰ ਕਮਿਸ਼ਨ ਦੇ ਸੰਪਰਕ ਵੇਰਵੇ ਇਹ ਹਨ:

**ਟੈਲੀਫੋਨ**

ਰਾਸ਼ਟਰੀ ਜਾਣਕਾਰੀ ਸੇਵਾ: 1300 656 419
ਟੀ ਟੀ ਵਾਈ: 1800 620 241
ਐਨ ਆਰ ਐਸ 133 677
ਫੈਕਸ: (02) 9284 9611

ਜੇ ਤੁਹਾਨੂੰ ਦੋਭਾਸ਼ੀਏ ਦੀ ਲੋੜ ਹੈ ਤੁਸੀਂ **131 450** ਉੱਤੇ ਫੋਨ ਕਰ ਸਕਦੇ ਹੋ ਅਤੇ ਆਸਟ੍ਰੇਲੀਆ ਦੇ ਮਨੁੱਖੀ ਅਧਿਕਾਰ ਕਮਿਸ਼ਨ ਨਾਲ ਜੋੜਨ ਲਈ ਕਹਿ ਸਕਦੇ ਹੋ।

ਜੇ ਤੁਸੀਂ ਬੋਲੇ ਹੋ ਜਾਂ ਉੱਚਾ ਸੁਣਦਾ ਹੈ ਤੁਸੀਂ ਸਾਨੂੰ ਟੀ ਟੀ ਵਾਈ ਰਾਹੀਂ 1800 620 241 ਉੱਤੇ ਸੰਪਰਕ ਕਰ ਸਕਦੇ ਹੋ। ਜੇ ਤੁਸੀਂ ਬੋਲੇ ਹੋ ਜਾਂ ਉੱਚਾ ਸੁਣਦਾ ਹੈ ਜਾਂ ਬੋਲਣ ਵਿੱਚ ਕਮਜ਼ੋਰੀ ਹੈ, ਤੁਸੀਂ ਸਾਨੂੰ ਰਾਸ਼ਟਰੀ ਰੀਲੇਅ ਸੇਵਾ (ਐਨ ਆਰ ਐਸ) ਰਾਹੀਂ 133 677 ਉੱਤੇ ਵੀ ਸੰਪਰਕ ਕਰ ਸਕਦੇ ਹੋ। ਜੇ ਤੁਹਾਨੂੰ ਇਸ਼ਾਰਿਆਂ ਵਾਲੇ ਦੋਭਾਸ਼ੀਏ ਦੀ ਲੋੜ ਹੈ, ਅਸੀਂ ਤੁਹਾਡੇ ਲਈ ਇਸ ਦਾ ਪ੍ਰਬੰਧ ਕਰ ਸਕਦੇ ਹਾਂ।

ਜੇ ਤੁਸੀਂ ਅੰਨ੍ਹੇ ਹੋ ਜਾਂ ਵੇਖਣ ਵਿੱਚ ਕਮਜ਼ੋਰੀ ਹੈ, ਅਸੀਂ ਬੇਨਤੀ ਕਰਨ ਤੇ ਜਾਣਕਾਰੀ ਦੂਸਰੇ ਰੂਪਾਂ ਵਿੱਚ ਪ੍ਰਦਾਨ ਕਰ ਸਕਦੇ ਹਾਂ।

**ਡਾਕ**

GPO Box 5218
Sydney NSW 2001

**ਔਨਲਾਈਨ**

ਈਮੇਲ: infoservice@humanrights.gov.au
ਵੈਬਸਾਈਟ: www.humanrights.gov.au

ਤੁਸੀਂ ਸ਼ਿਕਾਇਤ ਔਨਲਾਈਨ ਇੱਥੇ ਜਾ ਕੇ ਕਰ ਸਕਦੇ ਹੋ

http://www.humanrights.gov.au/complaints/lodging-your-complaint.

## ਆਮ ਕਾਨੂੰਨੀ ਸਲਾਹ

ਜੇ ਤੁਸੀਂ ਸ਼ਿਕਾਇਤ ਕਰਨ ਦੀ ਸੋਚ ਰਹੇ ਹੋ, ਤੁਸੀਂ ਸ਼ਾਇਦ ਕਾਨੂੰਨੀ ਸਲਾਹ ਲੈਣਾ ਚਾਹੋਗੇ। ਇੱਥੇ ਭਾਈਚਾਰਕ ਕਾਨੂੰਨੀ ਸੇਵਾਵਾਂ ਹਨ ਜਿਹੜੀਆਂ ਭੇਦਭਾਵ ਅਤੇ ਉਤਪੀੜਨ ਬਾਰੇ ਮੁਫ਼ਤ ਸਲਾਹ ਦੇ ਸਕਦੀਆਂ ਹਨ।

ਤੁਸੀਂ ਕਿਸੇ ਕਾਨੂੰਨੀ ਸਹਾਇਤਾ ਸੰਸਥਾ (https://www.nationallegalaid.org/for-individuals/) ਜਾਂ ਆਪਣੇ ਨੇੜਲੇ ਭਾਈਚਾਰਕ ਕਾਨੂੰਨੀ ਕੇਂਦਰ (www.naclc.org.au/directory) ਨਾਲ ਸੰਪਰਕ ਕਰ ਸਕਦੇ ਹੋ।

**ਬੇ-ਦਾਅਵਾ: ਇਸ ਤੱਥ ਸ਼ੀਟ ਉੱਤੇ ਦਿੱਤੀ ਜਾਣਕਾਰੀ ਸਿਰਫ ਗਾਈਡ ਵਜੋਂ ਦਿੱਤੀ ਗਈ ਹੈ। ਇਹ ਕਾਨੂੰਨੀ ਸਲਾਹ ਦਾ ਬਦਲ ਨਹੀਂ ਹੈ।**